BRAMPTON Flower City brampton.ca

media release

7 ਦਸੰਬਰ, 2018

# ਬ੍ਰੈਂਪਟਨ ਵਿੱਚ ਮਜ਼ੇਦਾਰ ਸਰਦੀਆਂ ਦੇ ਉਤਸ਼ਾਹ ਦਾ ਸਮਾਂ ਆ ਗਿਆ ਹੈ
## *ਆਉਟਡੋਰ ਸਕੇਟਿੰਗ, ਮਾਊਂਟ ਚਿੰਗਕੂਜ਼ੀ, ਦਾਨ ਸਬੰਧੀ ਕਾਰਜਕਰਮ ਅਤੇ ਹੋਰ ਬਹੁਤ ਕੁਝ!*

ਬ੍ਰੈਂਪਟਨ, ਓਨਟੈਰੀਓ – ਆਉਣ ਵਾਲੇ ਹਫ਼ਤਿਆਂ ਵਿੱਚ ਬ੍ਰੈਂਪਟਨ ਵਿੱਚ ਸਰਦੀ ਦੇ ਕਈ ਕਾਰਜਕਰਮ ਹੋਣਗੇ ਅਤੇ ਤੁਸੀਂ ਉਹਨਾਂ ਨੂੰ ਖੁੰਝਾਉਣਾ ਨਹੀਂ ਚਾਹੋਗੇ! ਆਉਟਡੋਰ ਸਕੇਟਿੰਗ ਅਤੇ ਸਕੀਇੰਗ ਤੋਂ ਲੈ ਕੇ, ਸੈਂਟਾ (Santa) ਨਾਲ ਬ੍ਰੇਕਫਾਸਟ ਕਰਨ ਅਤੇ ਤਿਓਹਾਰ ਦੇ ਦਾਨ ਸਬੰਧੀ ਕਾਰਜਕਰਮਾਂ ਤੱਕ, ਹਰ ਕਿਸੇ ਲਈ ਸਚਮੁੱਚ ਕੁਝ ਨਾ ਕੁਝ ਮੌਜੂਦ ਹੈ।

ਇਸ ਸਰਦੀ ਬ੍ਰੈਂਪਟਨ ਵਿੱਚ ਕੀ ਹੋ ਰਿਹਾ ਹੈ?

**ਆਉਟਡੋਰ ਸਕੇਟਿੰਗ**
ਆਉਟਡੋਰ ਆਈਸ ਸਕੇਟਿੰਗ ਰਿੰਕ ਦੀ ਸ਼ੁਰੂਆਤ ਮੌਸਮ ਤੇ ਨਿਰਭਰ ਕਰਦੀ ਹੈ। ਰਿੰਕ ਦਸੰਬਰ ਦੇ ਪਹਿਲੇ ਹਫ਼ਤੇ ਖੁੱਲ ਸਕਦੇ ਹਨ। ਗੇਜ ਪਾਰਕ ਆਉਟਡੋਰ ਸਕੇਟਿੰਗ ਟ੍ਰੇਲ (Gage Park Outdoor Skating Trail), 7 ਦਸੰਬਰ ਤੋਂ ਜਨਤਾ ਲਈ ਖੁੱਲ੍ਹ ਗਈ ਹੈ। ਵਾਧੂ ਆਈਸ ਰਿੰਕਾਂ ਸਬੰਧੀ ਅੱਪਡੇਟਾਂ ਲਈ ਸੁਚੇਤ ਰਹੋ।

ਇਸ ਵੇਲੇ ਸਿਟੀ ਤਿੰਨ ਮੁਫ਼ਤ ਆਉਟਡੋਰ ਆਈਸ ਸਕੇਟਿੰਗ ਰਿੰਕਾਂ ਦਾ ਸੰਚਾਲਨ ਕਰ ਰਹੀ ਹੈ: ਚਿੰਗਕੂਜ਼ੀ ਪਾਰਕ ਸਕੇਟ ਟ੍ਰੇਲ (Chinguacousy Park Skate Trail), ਮਾਊਂਟ ਪਲੈਜ਼ੈਂਟ ਆਉਟਡੋਰ ਸਕੇਟਿੰਗ ਰਿੰਕ (Mount Pleasant Outdoor Skating Rink) ਅਤੇ ਗੇਜ ਪਾਰਕ ਆਉਟਡੋਰ ਸਕੇਟਿੰਗ ਟ੍ਰੇਲ (Gage Park Outdoor Skating Trail)।

ਜੇ ਮੌਸਮ ਠੀਕ ਰਹਿੰਦਾ ਹੈ, ਗੋਰ ਮੇਡੋਜ ਕਮਿਊਨਿਟੀ ਸੈਂਟਰ (Gore Meadows Community Centre) ਕਵਰਡ ਆਉਟਡੋਰ ਆਈਸ ਰਿੰਕ ਨੂੰ ਸਰਦੀ 2018 ਵਿੱਚ ਖੋਲ੍ਹਣ ਦੀ ਯੋਜਨਾ ਹੈ। ਇਸ ਲਈ ਫੀਸਾਂ ਲਾਗੂ ਹੁੰਦੀਆਂ ਹਨ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

**ਪਾਰਕ ਵਿੱਚ ਕ੍ਰਿਸਮਸ**
ਸ਼ਨੀਵਾਰ, 15 ਦਸੰਬਰ ਨੂੰ, ਪਰਿਵਾਰ ਚਿੰਗਕੂਜ਼ੀ ਪਾਰਕ (Chinguacousy Park) ਵਿੱਚ ਪੂਰਾ ਦਿਨ ਛੁੱਟੀਆਂ ਦੀਆਂ ਮਜ਼ੇਦਾਰ ਗਤੀਵਿਧੀਆਂ ਦਾ ਅਨੰਦ ਮਾਣ ਸਕਦੇ ਹਨ। ਗਤੀਵਿਧੀਆਂ ਵਿੱਚ ਸ਼ਾਮਲ ਹਨ, ਸੈਂਟਾ ਨਾਲ ਬ੍ਰੇਕਫਾਸਟ ਕਰਨਾ, ਸੈਂਟਾ ਨੂੰ ਪੱਤਰ ਲਿਖਣਾ ਅਤੇ ਜਿੰਜਰਬ੍ਰੈਡ ਘਰ ਬਣਾਉਣਾ। ਹਰੇਕ ਗਤੀਵਿਧੀ ਲਈ ਰਜਿਸਟਰੇਸ਼ਨ (Registration) ਲੋੜੀਂਦੀ ਹੈ।

**ਮਾਊਂਟ ਚਿੰਗਕੂਜ਼ੀ (Mount Chinguacousy) – ਸਕੀਇੰਗ, ਸਨੋਬੋਰਡਿੰਗ ਅਤੇ ਟਿਊਬਿੰਗ**
ਮਾਊਂਟ ਚਿੰਗਕੂਜ਼ੀ (Mount Chinguacousy) ਉਦੋਂ ਸਜੀਵ ਹੋ ਉੱਠਦਾ ਹੈ, ਜਦੋਂ ਬਰਫ਼ ਪੈਂਦੀ ਹੈ। ਬ੍ਰੈਂਪਟਨ ਦੀ ਆਪਣੀ ਸਕੀ, ਸਨੋਬੋਰਡ ਅਤੇ ਟਿਊਬਿੰਗ ਪਹਾੜੀ ਤੇ, 27 ਦਸੰਬਰ ਨੂੰ ਸ਼ੁਰੂ ਹੋਣ ਵਾਲੀ ਗਤੀਵਿਧੀ (ਜੇ ਮੌਸਮ ਠੀਕ ਰਹਿੰਦਾ ਹੈ) ਲਈ ਗਰਮ ਕੱਪੜੇ ਪਾ ਕੇ ਸਕੀਇੰਗ ਲਈ ਜਾਓ। ਆਪਣੀਆਂ ਸਕੀਇੰਗ ਸਬੰਧੀ ਕੁਸ਼ਲਤਾਵਾਂ ਨੂੰ ਬਿਹਤਰ ਬਣਾਓ ਜਾਂ ਸਨੋਬੋਰਡ ਸਿੱਖੋ ਅਤੇ ਲੱਕੜ ਦੇ ਅਰਾਮਦੇਹ ਘਰ ਵਿੱਚ ਨਿੱਘੇ ਹੋਵੋ। ਸਕੀ ਚੈਲੇਟ ਲਈ ਪ੍ਰਵੇਸ਼ ਦੁਆਰ ਸੈਂਟਰਲ ਪਾਰਕ ਡ੍ਰਾਈਵ (Central Park Drive) ਅਤੇ ਬ੍ਰੈਮਲੀ ਰੋਡ (Bramalea Road) ਦੇ ਕੋਨੇ ਤੇ ਹੈ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

**ਛੁੱਟੀਆਂ ਦੇ ਪ੍ਰੋਗਰਾਮ**
ਕਈ ਤਰ੍ਹਾਂ ਦੇ ਕੈਂਪਸ ਅਤੇ ਤਿਓਹਾਰ ਸਬੰਧੀ ਹੋਰ ਪ੍ਰੋਗਰਾਮਾਂ ਦੇ ਨਾਲ, ਛੁੱਟੀਆਂ ਵਿੱਚ ਮਜ਼ੇ ਕਰੋ ਅਤੇ ਕਿਰਿਆਸ਼ੀਲ ਰਹੋ। ਬੱਚਿਆਂ ਲਈ ਸਵੇਰ ਅਤੇ ਸ਼ਾਮ ਦੀ ਦੇਖਭਾਲ (Before and after care) ਉਪਲਬਧ ਹੈ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

**ਬ੍ਰੈਂਪਟਨ ਨਵੇਂ ਸਾਲ ਦੀ ਸ਼ਾਮ 2018**
ਇਸ ਨਵੇਂ ਸਾਲ ਦੀ ਸ਼ਾਮ, ਡਾਉਨਟਾਉਨ ਬ੍ਰੈਂਪਟਨ ਵਿੱਚ ਮਜ਼ੇਦਾਰ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ, ਲਾਈਵ ਮਨੋਰੰਜਨ ਅਤੇ ਪਟਾਕਿਆਂ ਲਈ ਸਾਡੇ ਨਾਲ ਜੁੜੋ।

ਸੋਮਵਾਰ, 31 ਦਸੰਬਰ ਨੂੰ ਰਾਤ 8 ਵਜੇ ਤੋਂ ਅੱਧੀ ਰਾਤ ਤੱਕ ਗਾਰਡਨ ਸਕਵੇਅਰ (Garden Square) ਵਿਖੇ, ਬ੍ਰੈਂਪਟਨ ਦੇ ਆਪਣੇ ਸੌਂਨਡ੍ਰਾਈਵ ਰਿਕਾਰਡਸ (SounDrive Records) ਦੇ ਸਹਿਯੋਗ ਨਾਲ ਤਿਆਰ ਕੀਤਾ, ਲਾਈਵ ਕੋਨਸਰਟ ਹੋਵੇਗਾ। ਕੋਨਸਰਟ ਵਿੱਚ ਹੈੱਡਲਾਈਨਰ (ਮੁੱਖ ਪਰਦਰਸ਼ਕ) ਸ਼ੌਨ ਹੂਕ (Shawn Hook) ਦੇ ਨਾਲ-ਨਾਲ, ਜੁਲਿਅਨ ਟੇਲਰ ਬੈਂਡ (Julian Taylor Band) ਅਤੇ ਬ੍ਰੈਂਪਟਨ ਦੇ ਕਲਾਕਾਰ, ਰੈਜ਼ (Raz), ਮੇਲੇ ਰੋਜ਼ (Melle Rose) ਅਤੇ ਡੀ.ਜੇ. ਟੈਮ (DJ Tam) ਪਰਫੌਰਮ ਕਰਨਗੇ। ਟਿਮ ਹੋਰਟੋਨਸ (Tim Hortons) ਵੱਲੋਂ ਪੇਸ਼ ਕੀਤੇ ਦੋ ਰੋਮਾਂਚਕ ਪਟਾਕਿਆਂ ਦੇ ਡਿਸਪਲੇ, ਰਾਤ 9 ਵਜੇ ਤੋਂ ਅੱਧੀ ਰਾਤ ਤੱਕ ਹੋਣਗੇ।

ਮਜ਼ੇਦਾਰ ਗਤੀਵਿਧੀਆਂ ਗਾਰਡਨ ਸਕਵੇਅਰ (Garden Square) ਤੋਂ ਬਾਹਰ ਵੀ ਜਾਰੀ ਰਹਿਣਗੀਆਂ। ਇਸ ਸਾਲ, ਪਰਿਵਾਰ-ਅਨੁਕੂਲਿਤ ਮਨੋਰੰਜਨ ਸਿਟੀ ਹਾਲ ਦੀ ਕਨਸਰਵੇਟਰੀ (Conservatory) ਵਿੱਚ, ਲਾਈਵ ਡਾਂਸ ਪਾਰਟੀ ਅਤੇ ਐਟਰੀਅਮ (Atrium) ਵਿੱਚ ਘੁੰਮਦੇ-ਫਿਰਦੇ ਜਾਦੂਗਰ ਅਤੇ ਨਿੱਘੇ ਖੇਤਰ ਦੇ ਨਾਲ, ਸ਼ਾਮ 6:30 ਵਜੇ ਤੋਂ 9 ਵਜੇ ਤੱਕ ਹੋਵੇਗਾ। ਜਦੋਂ ਸਿਟੀ ਹਾਲ ਵਿੱਚ ਪਾਰਟੀ ਖ਼ਤਮ ਹੋਵੇਗੀ, ਪਰਿਵਾਰਾਂ ਨੂੰ ਗਾਰਡਨ ਸਕਵੇਅਰ ਵਿੱਚ ਰਾਤ 9 ਵਜੇ ਜਲਦੀ ਹੋਣ ਵਾਲੇ ਪਟਾਕਿਆਂ ਦੇ ਸ਼ੋ ਦਾ ਮਜ਼ਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਹਰ ਕਿਸੇ ਨੂੰ ਸਰਦੀ ਦੀਆਂ ਹਜ਼ਾਰਾਂ ਝਿਲਮਿਲਾਉਂਦੀਆਂ ਲਾਈਟਾਂ ਦੇਖਣ ਅਤੇ ਪੂਰੇ ਤਿਓਹਾਰ ਦੇ ਦੌਰਾਨ, ਟ੍ਰੇਲ ਉੱਤੇ ਸਕੇਟਿੰਗ ਕਰਨ ਲਈ ਗੇਜ ਪਾਰਕ (Gage Park) ਵਿਖੇ ਆਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

**ਗਿਵਿੰਗ ਬੈਕ ਕਾਰਜਕਰਮ (Giving back events)**

*ਬ੍ਰੈਂਪਟਨ ਐਨੀਮਲ ਸ਼ੈਲਟਰ ਦੇ ਕ੍ਰਿਸਮਸ ਦੇ 12 ਦਿਨ*
ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter) 7 ਤੋਂ 18 ਦਸੰਬਰ, 2018 ਤੱਕ, ਕ੍ਰਿਸਮਸ ਕਾਰਜਕਰਮ ਦੇ ਆਪਣੇ 12 ਦਿਨਾਂ ਦੇ ਨਾਲ ਇਸ ਸੀਜਨ ਖੁਸ਼ੀਆਂ ਵੰਡ ਰਿਹਾ ਹੈ। ਤੁਹਾਨੂੰ ਅਤੇ ਤੁਹਾਡੇ ਪਾਲਤੂ ਜਾਨਵਰਾਂ ਨੂੰ, ਦਾਨ ਸਬੰਧੀ ਕਾਰਜਕਰਮਾਂ ਲਈ ਸਾਡੇ ਨਾਲ ਜੁੜਨ ਅਤੇ ਵਧੀਆ ਇਨਾਮ ਜਿੱਤਣ ਦੇ ਮੌਕੇ ਅਤੇ ਤਿਓਹਾਰਾਂ ਦੀਆਂ ਗਤੀਵਿਧੀਆਂ ਲਈ ਸਾਡੇ ਕੋਲ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

*ਫੂਡ ਐਂਡ ਟੋਇ ਡ੍ਰਾਈਵ (Food and Toy Drive)*
3 ਤੋਂ 16 ਦਸੰਬਰ ਤੱਕ, ਨਿਵਾਸੀਆਂ ਨੂੰ ਬ੍ਰੈਂਪਟਨ ਵਿੱਚ ਸਿਟੀ ਹਾਲ ਜਾਂ ਕਿਸੇ ਵੀ ਕਮਿਉਨਿਟੀ ਸੈਂਟਰ ਜਾਂ ਲਾਇਬ੍ਰੇਰੀ ਵਿੱਚ, ਖਰਾਬ ਨਾ ਹੋਣ ਵਾਲੀਆਂ ਭੋਜਨ ਆਈਟਮਾਂ ਜਾਂ ਨਵੇਂ, ਬਿਨਾਂ ਪੈਕ ਕੀਤੇ ਖਿਡੌਣੇ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਦਾਨ ਲੋਕਲ ਫੂਡ ਬੈਂਕ ਅਤੇ ਕਮਿਉਨਿਟੀ ਕਿਚਨ ਦ ਨਾਈਟਸ ਟੇਬਲ (The Knights Table) ਨੂੰ ਦਿੱਤੇ ਜਾਣਗੇ, ਜੋ ਬਾਅਦ ਵਿੱਚ ਸਾਡੇ ਭਾਈਚਾਰੇ ਦੇ ਲੋੜਵੰਦ ਪਰਿਵਾਰਾਂ ਨੂੰ ਵੰਡੇ ਜਾਣਗੇ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

***ਸਟਫ-ਏ-ਜੀਪ (Stuff-a-Jeep)***
ਐਨਫੋਰਸਮੈਂਟ ਅਫ਼ਸਰ 8 ਦਸੰਬਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ, ਬ੍ਰੈਂਪਟਨ ਭਾਈਚਾਰੇ ਵਿੱਚ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਭੋਜਨ ਅਤੇ ਖਿਡੌਣੇ ਸਵੀਕਾਰ ਕਰਨ ਲਈ ਵਾਲਮਾਰਟ, 50 ਕਵੈਰੀ ਐਜ (Walmart, 50 Quarry Edge) ਵਿਖੇ ਮੌਜੂਦ ਹੋਣਗੇ। ਸਾਰੀਆਂ ਦਾਨ ਕੀਤੀਆਂ ਆਈਟਮਾਂ ਸਥਾਨਕ ਟੋਇਜ ਫਾਰ ਟੌਟਸ (Toys for Tots) ਅਤੇ ਸਾਲਵੇਸ਼ਨ ਆਰਮੀ ਫੂਡ ਸ਼ੇਅਰਿੰਗ ਨੈਟਵਰਕ (Salvation Army Food Sharing Network) ਕੋਲ ਜਾਣਗੀਆਂ।

**ਹਵਾਲਾ**

"ਛੁੱਟੀਆਂ ਬ੍ਰੈਂਪਟਨ ਵਿੱਚ ਜਾਦੂ ਵਾਲਾ ਸਮਾਂ ਹੁੰਦਾ ਹੈ – ਸਾਡੀ ਸਿਟੀ ਹਜ਼ਾਰਾਂ ਲਾਈਟਾਂ ਨਾਲ ਝਿਲਮਿਲਾਉਂਦੀ ਹੈ, ਦੋਸਤ ਅਤੇ ਪਰਿਵਾਰ ਸਾਡੇ ਸਕੇਟਿੰਗ ਰਿੰਕਾਂ ਵਿੱਚ ਅਤੇ ਡਾਉਨ ਮਾਉਂਟ ਚਿੰਗਕੂਜ਼ੀ ਵਿੱਚ ਮਜ਼ੇ ਕਰਦੇ ਹਨ, ਅਸੀਂ ਸ਼ਾਨਦਾਰ ਮਨੋਰੰਜਨ ਦੇ ਨਾਲ ਨਵੇਂ ਸਾਲ ਦਾ ਕਾਉਂਟ ਡਾਉਨ ਕਰਦੇ ਹਾਂ ਅਤੇ ਸਾਡੇ ਭਾਈਚਾਰੇ ਵਿੱਚ ਦਾਨ ਕਰਕੇ ਖੁਸ਼ੀਆਂ ਵੰਡਦੇ ਹਾਂ। 2018 ਛੁੱਟੀਆਂ ਦਾ ਸੀਜਨ ਹਰ ਕਿਸੇ ਲਈ ਮਜ਼ੇਦਾਰ ਗਤੀਵਿਧੀਆਂ ਨਾਲ ਭਰਪੂਰ ਹੈ ਅਤੇ ਮੈਂ ਸਾਰੇ ਬ੍ਰੈਂਪਟਨ ਵਾਸੀਆਂ ਨੂੰ ਤਿਓਹਾਰਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਾ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨਸ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca